/

**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
3. ਸਮੂਹ ਸਕੂਲ ਮੁੱਖੀ (ਪ੍ਰਿੰਸੀਪਲ, ਮੁੱਖ ਅਧਿਆਪਕ, ਸੀ.ਐੱਚ.ਟੀਜ਼ ਅਤੇ ਐੱਚ.ਟੀਜ਼.)।

ਮੀਮੋ ਨੰ: SCERT, Q.P/UP/2020207826
ਮਿਤੀ: 01-09-2020

**ਵਿਸ਼ਾ:-** **ਐਡਵਾਈਜ਼ਰੀ-1 ਪੰਜਾਬ ਅਚੀਵਮੈਂਟ ਸਰਵੇ (PAS)-2020 ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪਿਛਲੇ ਦਿਨੀਂ ਵੱਖ-ਵੱਖ ਜਿਲ੍ਹਿਆਂ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ, ਸਕੂਲ ਮੁੱਖੀਆਂ, ਸੀ.ਐੱਚ.ਟੀਜ਼. ਅਤੇ ਦੂਜੇ ਅਧਿਆਪਕਾਂ ਨਾਲ ਪੰਜਾਬ ਅਚੀਵਮੈਂਟ ਸਰਵੇ-2020 ਬਾਰੇ ਬਰੇਨ ਸਟੋਰਮਿੰਗ (Brain Storming) ਸੈਸ਼ਨਜ਼ ਕੀਤੇ ਗਏ। ਇਨ੍ਹਾਂ ਸੈਸ਼ਨਜ਼ ਦੌਰਾਨ ਵੱਖ-ਵੱਖ participants ਦੁਆਰਾ ਬਹੁਤ ਹੀ ਵਡਮੁੱਲੇ ਵਿਚਾਰ/ਸੁਝਾਅ ਪੇਸ਼ ਕੀਤੇ ਗਏ। ਇਨ੍ਹਾਂ ਸੁਝਾਵਾਂ ਨੂੰ ਜੇਕਰ ਲਾਗੂ ਕੀਤਾ ਜਾਵੇ ਤਾਂ ਪੰਜਾਬ ਅਚੀਵਮੈਂਟ ਸਰਵੇ ਦੇ ਮਿੱਥੇ ਟਿੱਚਿਆਂ ਨੂੰ ਪ੍ਰਾਪਤ ਕਰਨਾ ਬਹੁਤ ਹੀ ਆਸਾਨ ਹੋਵੇਗਾ।

3.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਕੇਵਲ ਸੁਝਾਅ ਹਨ ਅਤੇ ਸਕੂਲ ਮੁੱਖੀਆਂ ਅਤੇ ਦੂਜੇ ਅਧਿਆਪਕਾਂ ਨਾਲ ਹੋਏ ਵਿਚਾਰ-ਵਟਾਂਦਰੇ ਦੌਰਾਨ ਸਾਹਮਣੇ ਆਏ ਨੁਕਤਿਆਂ ਦੇ ਆਧਾਰ ਤੇ ਐਡਵਾਈਜ਼ਰੀ ਦੇ ਰੂਪ ਵਿੱਚ ਆਪ ਦੇ ਧਿਆਨ ਵਿੱਚ ਲਿਆਂਦੇ ਜਾ ਰਹੇ ਹਨ।

**(ੳ) <u>ਬੱਡੀ ਗਰੁੱਪ</u>:-**

4.0 ਬੱਡੀ ਗਰੁੱਪਾਂ ਦਾ ਤਜ਼ਰਬਾ ਬਹੁਤ ਹੀ ਲਾਹੇਵੰਦ ਸਾਬਤ ਹੋਇਆ ਹੈ। ਬਹੁਤ ਸਾਰੇ ਸਕੂਲਾਂ ਨੇ ਪੰਜਾਬ ਅਚੀਵਮੈਂਟ ਸਰਵੇ-2020 ਤਹਿਤ ਵਿਦਿਆਰਥੀਆਂ ਦੇ ਬੱਡੀ ਗਰੁੱਪ ਬਣਾਏ ਹੋਏ ਹਨ। ਇਹ ਗਰੁੱਪ ਬਣਾਉਣ ਨਾਲ ਨਾ ਕੇਵਲ ਵਿਦਿਆਰਥੀਆਂ ਦੇ learning outcomes ਤੇ ਚੰਗੇ ਪ੍ਰਭਾਵ ਪਏ ਹਨ ਸਗੋਂ ਪੰਜਾਬ ਅਚੀਵਮੈਂਟ ਸਰਵੇ ਦੇ ਟੈਸਟ/Quiz ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਸਕੂਲੀ ਵਿਦਿਆਰਥੀ ਬੱਡੀ

ਗਰੁੱਪਾਂ ਨੂੰ ਬਹੁਤ ਪਸੰਦ ਕਰਦੇ ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਵਿੱਚ ਇੱਕ ਟੀਮ ਭਾਵਨਾ ਵੀ ਪੈਦਾ ਹੁੰਦੀ ਹੈ। ਇਸ ਨੂੰ ਮੁੱਖ ਰੱਖਦਿਆਂ ਆਪ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੇ ਸਕੂਲ ਵਿੱਚ ਵੱਧ ਤੋਂ ਵੱਧ ਬੱਡੀ ਗਰੁੱਪ ਬਣਾਏ ਜਾਣ।

5.0 ਇਸ ਦੇ ਨਾਲ ਹੀ ਇੱਕ ਸਕੂਲ ਵਿੱਚ ਅਧਿਆਪਕਾਂ ਦਾ ਬੱਡੀ ਗਰੁੱਪ ਬਣਾਉਣ ਦੇ ਤਜ਼ਰਬੇ ਬਾਰੇ ਪਤਾ ਲੱਗਿਆ ਹੈ ਜੋ ਕਿ ਬਹੁਤ ਹੀ ਲਾਹੇਵੰਦ ਸਿੱਧ ਹੋ ਰਿਹਾ ਹੈ। ਇਸੇ ਤਰ੍ਹਾਂ ਸਕੂਲਾਂ ਦੇ ਬੱਡੀ ਗਰੁੱਪ ਵੀ ਬਣਾਏ ਜਾ ਸਕਦੇ ਹਨ, ਜਿਸ ਵਿੱਚ ਕੁਝ ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲ ਸ਼ਾਮਿਲ ਹੋ ਸਕਦੇ ਹਨ। ਇਸੇ ਤਰ੍ਹਾਂ ਪ੍ਰਾਇਮਰੀ ਸਾਈਡ ਤੇ ਵੀ ਸਕੂਲਾਂ ਦੇ ਅਤੇ ਕਲਸਟਰਾਂ ਦੇ ਬੱਡੀ ਗਰੁੱਪ ਬਹੁਤ ਹੀ ਲਾਹੇਵੰਦ ਸਿੱਧ ਹੋ ਰਹੇ ਹਨ।

**(ਅ) ਏਡਿਡ ਸਕੂਲਾਂ ਨਾਲ ਮੀਟਿੰਗਾਂ**

6.0 ਪੰਜਾਬ ਅਚੀਵਮੈਂਟ ਸਰਵੇ ਵਿੱਚ ਸਰਕਾਰੀ ਏਡਿਡ ਸਕੂਲਾਂ ਦੇ ਵਿਦਿਆਰਥੀਆਂ ਦੁਆਰਾ ਵੀ ਭਾਗ ਲਿਆ ਜਾਣਾ ਜਰੂਰੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰੀ ਏਡਿਡ ਸਕੂਲਾਂ ਦੇ ਨਾਲ ਵੀ ਮੀਟਿੰਗ ਕਰਨੀ ਬਹੁਤ ਜਰੂਰੀ ਹੈ। ਸਮੂਹ ਜਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਆਪਣੇ-ਆਪਣੇ ਜਿਲ੍ਹੇ ਵਿੱਚ ਏਡਿਡ ਸਕੂਲਾਂ ਨਾਲ ਵੱਖਰੇ ਤੌਰ ਤੇ ਮੀਟਿੰਗ ਕੀਤੀ ਜਾਵੇ। ਏਡਿਡ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਦੀਆਂ ਟ੍ਰੇਨਿੰਗਾਂ ਮੁਕੰਮਲ ਕਰਵਾ ਲਈਆਂ ਜਾਣ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਵੀ ਸਰਕਾਰੀ ਸਕੂਲਾਂ ਦੇ ਕਪੈਸਟੀ ਬਿਲਡਿੰਗ ਪ੍ਰੋਗਰਾਮ ਵਿੱਚ ਸ਼ਾਮਿਲ ਕਰ ਲਿਆ ਜਾਵੇ। ਇਨ੍ਹਾਂ ਸਕੂਲਾਂ ਦੀ ਮੋਨੀਟਰਿੰਗ ਬਹੁਤ ਜਿਆਦਾ ਜਰੂਰੀ ਹੈ, ਕਿਉਂਕਿ ਇਨ੍ਹਾਂ ਸਕੂਲਾਂ ਵਿੱਚ ਪੰਜਾਬ ਅਚੀਵਮੈਂਟ ਸਰਵੇ-2020 ਬਾਰੇ ਪਹਿਲਾਂ ਬਹੁਤਾ ਕੰਮ ਨਹੀਂ ਹੋਇਆ ਜਦੋਂ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੁਆਰਾ ਪਹਿਲਾਂ ਹੀ ਕਾਫੀ ਕੰਮ ਕੀਤਾ ਜਾ ਚੁੱਕਾ ਹੈ ਅਤੇ ਉਹ ਪੰਜਾਬ ਅਚੀਵਮੈਂਟ ਸਰਵੇ ਦੇ ਕੰਮਾਂ ਬਾਰੇ ਪੂਰੀ ਤਰ੍ਹਾਂ ਜਾਣੂ ਹਨ।

**(ੲ) ਮਿੱਡ-ਡੇ-ਮੀਲ ਵਰਕਰਾਂ, ਆਂਗਨਵਾੜੀ ਵਰਕਰਾਂ, ਜੀ.ਓ.ਜੀ. ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਸਹਾਇਤਾ ਲੈਣ ਬਾਰੇ:-**

7.0 ਬਹੁਤ ਸਾਰੇ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਦੁਆਰਾ ਆਪਣੇ ਪੱਧਰ ਤੇ ਪੰਜਾਬ ਅਚੀਵਮੈਂਟ ਸਰਵੇ-2020 ਨੂੰ ਸਫਲ ਬਣਾਉਣ ਲਈ ਜੀ.ਓ.ਜੀ., ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਆਂਗਨਵਾੜੀ ਵਰਕਰਾਂ ਦਾ ਬਹੁਤ ਵਧੀਆ ਤਰੀਕੇ ਨਾਲ ਸਹਿਯੋਗ ਲਿਆ ਗਿਆ ਹੈ। ਇਹ ਆਪਣੇ ਆਪ ਵਿੱਚ ਬਹੁਤ ਵਧੀਆ ਉਪਰਾਲਾ ਹੈ। ਸਮੂਹ ਸਕੂਲ ਮੁੱਖੀ ਅਤੇ ਅਧਿਆਪਕ ਉਨ੍ਹਾਂ ਦੀ ਹੋਰ ਮੱਦਦ ਲੈ ਸਕਦੇ ਹਨ। ਸਿੱਖਿਆ ਵਿਭਾਗ ਦੁਆਰਾ ਉਨ੍ਹਾਂ ਨੂੰ

ਜੀ.ਓ.ਜੀ., ਸਕੂਲ ਮੈਨੇਜਮੈਂਟ ਕਮੇਟੀਆਂ ਅਤੇ ਆਂਗਨਵਾੜੀ ਵਰਕਰਾਂ ਦੀ ਮੱਦਦ ਲੈਣ ਲਈ ਵੱਖਰੇ ਤੌਰ ਤੇ ਪੱਤਰ ਵੀ ਲਿਖ ਦਿੱਤਾ ਗਿਆ ਹੈ।

**(ਸ) <u>Analysis of Data:-</u>**

8.0 ਬਹੁਤ ਸਾਰੇ ਕਲੱਸਟਰਾਂ ਨੇ ਕਲੱਸਟਰ ਪੱਧਰ ਤੇ ਇੱਕ ਜਾਂ ਦੋ ਅਧਿਆਪਕਾਂ ਨੂੰ ਚੰਗੀ ਤਰ੍ਹਾਂ ਟ੍ਰੇਨਿੰਗ ਦੇਣ ਉਪਰੰਤ ਉਨ੍ਹਾਂ ਨੂੰ ਮੁਹਾਰਤ ਹਾਸਿਲ ਕਰਵਾਈ ਹੈ ਜੋ ਕਿ ਸਬੰਧਤ ਕਲੱਸਟਰ/ਬਲਾਕ ਦਾ ਡਾਟਾ Analyse ਕਰਕੇ ਸਬੰਧਤ ਸੀ.ਐੱਚ.ਟੀ./ਬੀ.ਪੀ.ਈ.ਓ. ਦੇ ਧਿਆਨ ਵਿੱਚ ਲਿਆਉਂਦੇ ਹਨ। ਇਸੇ ਤਰ੍ਹਾਂ ਸਕੂਲ ਪੱਧਰ ਤੇ ਅਤੇ ਕਲੱਸਟਰ/ਬਲਾਕ ਪੱਧਰ ਤੇ ਡਾਟਾ ਅਨੈਲਸਿਸ ਹੋਣਾ ਬਹੁਤ ਜਰੂਰੀ ਹੈ। ਇਸ ਸਬੰਧ ਵਿੱਚ ਕੁਝ ਸਕੂਲਾਂ, ਕਲੱਸਟਰ/ਬਲਾਕਾਂ ਦੁਆਰਾ ਬੜੇ ਨਿਵੇਕਲੇ ਢੰਗ ਨਾਲ ਅਨੈਲਸਿਸ ਕਰਵਾਇਆ ਜਾ ਰਿਹਾ ਹੈ। ਬਹੁਤ ਸਾਰੇ ਸਕੂਲ ਮੁੱਖੀਆਂ ਦੁਆਰਾ ਆਪਣੇ ਸਕੂਲ ਵਿੱਚ ਕੰਪਿਊਟਰ ਟੀਚਰਾਂ ਅਤੇ ਦੂਜੇ ਅਧਿਆਪਕਾਂ (ਜਿਸ ਤਰ੍ਹਾਂ ਦੀ ਵੀ ਸਹੂਲਤ ਹੋਵੇ) ਦੀਆਂ ਸੇਵਾਵਾਂ data analysis ਲਈ ਲਈਆਂ ਜਾ ਰਹੀਆਂ ਹਨ। ਇਸ ਗੱਲ ਦੀ ਵਿਭਾਗ ਸ਼ਲਾਘਾ ਕਰਦਾ ਹੈ। Data analysis ਕਰਦਿਆਂ ਸਕੂਲ/ਕਲੱਸਟਰ ਵਿੱਚ ਉਨ੍ਹਾਂ ਸਾਰੇ ਵਿਦਿਆਰਥੀਆਂ ਦੀ ਉਨ੍ਹਾਂ ਦੇ learning level ਅਨੁਸਾਰ ਛਾਂਟੀ ਵੀ ਕਰ ਲੈਣੀ ਯੋਗ ਹੋਵੇਗੀ, ਜਿਸ ਤਰ੍ਹਾਂ ਮਿਸ਼ਨ ਸ਼ਤ-ਪ੍ਰਤੀਸ਼ਤ ਤਹਿਤ ਕੀਤੀ ਗਈ ਸੀ।

**(ਹ) <u>ਮਾਪਿਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਮੀਟਿੰਗਾਂ:</u>**

9.0 ਬਹੁਤ ਸਾਰੇ ਸਕੂਲ ਮੁੱਖੀਆਂ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਰੈਗੂਲਰ ਤੌਰ ਤੇ ਵੀਡੀਓ ਕਾਨਫਰੰਸ ਰਾਹੀਂ ਮੀਟਿੰਗਾਂ ਕੀਤੀਆਂ ਜੀ ਰਹੀਆਂ ਹਨ। ਇਸ ਦੇ ਨਾਲ ਮਾਪਿਆਂ ਵਿੱਚ ਇੱਕ ਬਹੁਤ ਵੱਡਾ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। Survey ਖਤਮ ਹੋਣ ਉਪਰੰਤ ਇਹ ਮਾਪੇ ਸਕੂਲ ਮੁੱਖੀਆਂ ਨਾਲ ਖੁਦ ਆਪਣੇ ਪੱਧਰ ਤੇ ਆਪਣੇ ਬੱਚਿਆਂ ਦੇ ਰਿਜ਼ਲਟ ਬਾਰੇ ਪਤਾ ਕਰਦੇ ਹਨ, ਜੋ ਕਿ ਬਹੁਤ ਹੀ ਸਾਰਥਕ ਉਪਰਾਲਾ ਹੈ।

**(ਕ) <u>ਡਾਈਟ ਅਤੇ ਬੀ.ਐੱਡ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦਾ ਸਹਿਯੋਗ ਲੈਣ ਬਾਰੇ:</u>**

10. ਬਹੁਤ ਸਾਰੇ ਸਕੂਲਾਂ ਵਿੱਚ ਡਾਈਟ ਅਤੇ ਬੀ.ਐੱਡ. ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ, ਜੋ ਕਿ ਪੰਜਾਬ ਰਾਜ ਦੇ ਸਕੂਲਾਂ ਵਿੱਚ ਟੀ.ਪੀ. ਲੈ ਰਹੇ ਸਨ, ਦੀਆਂ ਸੇਵਾਵਾਂ ਵੀ ਬਹੁਤ ਹੀ ਵਧੀਆ ਤਰੀਕੇ ਨਾਲ ਲਈਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਆਪਣੇ ਜਿਲ੍ਹੇ ਵਿੱਚ ਰਾਬਤਾ ਕਾਇਮ ਕਰਦਿਆਂ ਇਨ੍ਹਾਂ ਡਾਈਟ ਅਤੇ ਬੀ.ਐੱਡ ਵਿਦਿਆਰਥੀਆਂ ਦੀਆਂ ਵੱਧ ਤੋਂ ਵੱਧ ਸੇਵਾਵਾਂ ਲਈਆਂ ਜਾਣ।

21-4-20

**ਸਕੱਤਰ ਸਕੂਲ ਸਿੱਖਿਆ**